

# ਕੀ ਮੈਂ ਕਰ ਸਕਦਾ ਹਾਂ? ਕੀ ਮੈਂ ਨਹੀਂ ਕਰ ਸਕਦਾ?

## ਕੈਂਪਫਾਇਰ ਅਤੇ ਬਾਰਬੀਕਿਊ

CONSERVATION REGULATOR VICTORIA

Punjabi | ਪੰਜਾਬੀ



# ਕੈਂਪਫਾਇਰ ਆਸਾਨੀ ਨਾਲ ਕਾਬੂ ਤੋਂ ਬਾਹਰ ਹੋ ਸਕਦੇ ਹਨ ਅਤੇ ਬੁਸ਼ਫਾਇਰ ਸ਼ੁਰੂ ਕਰ ਸਕਦੇ ਹਨ।

- ਵਿਕਟੋਰੀਆ ਦੇ ਜੰਗਲਾਂ ਅਤੇ ਪਾਰਕਾਂ ਵਿੱਚ ਜਾਣ ਤੋਂ ਪਹਿਲਾਂ ਕੈਂਪਫਾਇਰ ਅਤੇ ਬਾਰਬੀਕਿਊ ਦੇ ਨਿਯਮਾਂ ਨੂੰ ਸਮਝੋ।
- ਕੈਂਪਿੰਗ ਕਰਦੇ ਸਮੇਂ ਖਾਣਾ ਪਕਾਉਣ ਲਈ ਲੱਕੜ ਤੋਂ ਇਲਾਵਾ ਹੋਰ ਬਾਲਣਾਂ ਦੀ ਵਰਤੋਂ ਕਰਨ ਬਾਰੇ ਸੋਚੋ।
- ਤੁਹਾਡੀ ਕੈਂਪਫਾਇਰ ਤੁਹਾਡੀ ਜ਼ਿੰਮੇਵਾਰੀ ਹੈ। ਤੁਸੀਂ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋ ਕਿ ਇਹ ਸੁਰੱਖਿਅਤ ਹੈ, ਕਾਬੂ ਤੋਂ ਬਾਹਰ ਨਾ ਹੋਵੇ, ਅਤੇ ਤੁਹਾਡੇ ਜਾਣ ਤੋਂ ਪਹਿਲਾਂ ਪੂਰੀ ਤਰ੍ਹਾਂ ਬੁਝਾਈ ਗਈ ਹੋਵੇ।

# ਆਪਣੇ ਜਾਣ ਤੋਂ ਪਹਿਲਾਂ

- ਇੱਕ **ਬਾਲਟੀ** ਨਾਲ ਲੈ ਕੇ ਜਾਓ।
- ਯਕੀਨੀ ਬਣਾਓ ਕਿ ਤੁਹਾਡੇ ਕੋਲ **ਪਾਣੀ** ਦੀ ਪਹੁੰਚ ਹੋਵੇ।
- ਮੌਸਮ ਅਤੇ ਅੱਗ ਦੇ ਖ਼ਤਰੇ ਦੀਆਂ ਰੇਟਿੰਗਾਂ **ਵੇਖੋ।**
- ਪਤਾ ਕਰੋ ਕਿ ਜਿਸ ਥਾਂ ਤੁਸੀਂ ਜਾਣ ਦੀ ਯੋਜਨਾ ਬਣਾ ਰਹੇ ਹੋ, ਕੀ ਉੱਥੇ **ਟੋਟਲ ਫਾਇਰ ਬੈਨ** ਲਾਗੂ ਹੈ ਜਾਂ ਨਹੀਂ।

# ਕੈਂਪਸਾਈਟ 'ਤੇ ਪਹੁੰਚਣ 'ਤੇ

## ਆਪਣਾ ਕੈਂਪਫਾਇਰ ਬਣਾਉਣਾ

- ਜਿੱਥੇ ਉਪਲਬਧ ਹੋਵੇ, ਉੱਥੇ **ਲੱਗੇ ਹੋਏ ਫਾਇਰਪਲੇਸ ਦੀ** ਵਰਤੋਂ ਕਰੋ।
- ਪੋਰਟੇਬਲ ਫਾਇਰਪਿਟ ਵੀ ਵਰਤੇ ਜਾ ਸਕਦੇ ਹਨ, ਪਰ ਨੈਸ਼ਨਲ ਪਾਰਕਾਂ ਵਿੱਚ ਕੈਂਪਫਾਇਰ ਸਿਰਫ਼ ਨਿਰਧਾਰਤ ਫਾਇਰਪਲੇਸ ਵਿੱਚ ਹੀ ਵਰਤੇ ਜਾਣ ਦੀ ਆਗਿਆ ਹੁੰਦੀ ਹੈ।
- ਇਹ ਯਕੀਨੀ ਬਣਾਓ ਕਿ ਕੈਂਪਫਾਇਰ ਜਾਂ **ਨਿਰਧਾਰਤ** ਫਾਇਰਪਲੇਸ **ਦੇ ਆਲੇ-ਦੁਆਲੇ (ਉੱਪਰ ਅਤੇ ਚਾਰੋਂ ਪਾਸੇ ਸਮੇਤ) 3 ਮੀਟਰ** ਦੇ ਅੰਦਰ ਕੋਈ ਵੀ ਅਜਿਹੀ ਚੀਜ਼ ਨਾ ਹੋਵੇ ਜੋ ਅੱਗ ਫੜ੍ਹ ਸਕਦੀ ਹੋਵੇ।
- ਇਸਨੂੰ ਛੋਟਾ ਰੱਖੋ। ਤੁਹਾਡੀ ਅੱਗ (ਇਸਦੇ ਅੰਦਰ ਪਾਈਆਂ ਲੱਕੜੀਆਂ/ਟਾਹਣੀਆਂ ਸਮੇਤ) ਦਾ ਆਕਾਰ **1 ਵਰਗ ਮੀਟਰ ਤੋਂ ਘੱਟ** ਹੋਣਾ ਚਾਹੀਦਾ ਹੈ।

## ਪੋਰਟੇਬਲ ਬਾਰਬੀਕਿਊ/ਸਟੋਵ ਦੀ ਵਰਤੋਂ ਕਰਨਾ^

- ਤੁਸੀਂ ਬਾਰਬੀਕਿਊ/ਸਟੋਵ ਉਪਕਰਨਾਂ ਦੀ ਵਰਤੋਂ ਕਰ ਸਕਦੇ ਹੋ, ਜੋ ਉਸ ਉਦੇਸ਼ ਲਈ **ਡਿਜ਼ਾਈਨ ਅਤੇ ਬਣਾਏ ਗਏ** ਹੋਣ।
- ਬਾਰਬੀਕਿਊ/ਸਟੋਵ **ਸਥਿਰ** ਹੋਣਾ ਚਾਹੀਦਾ ਹੈ (ਉਲਟਣ ਦਾ ਖ਼ਤਰਾ ਨਾ ਹੋਵੇ)।
- ਇਹ ਯਕੀਨੀ ਬਣਾਓ ਕਿ ਤੁਹਾਡੇ ਬਾਰਬੀਕਿਊ ਦੇ ਆਲੇ-ਦੁਆਲੇ (ਉੱਪਰ ਅਤੇ ਚਾਰੋਂ ਪਾਸੇ ਸਮੇਤ) **1.5 ਮੀਟਰ** ਦੇ ਅੰਦਰ ਕੋਈ ਵੀ ਅਜਿਹੀ ਚੀਜ਼ ਨਾ ਹੋਵੇ ਜੋ ਅੱਗ ਫੜ੍ਹ ਸਕਦੀ ਹੋਵੇ।)†

^ਨੈਸ਼ਨਲ ਪਾਰਕ ਦੇ ਕੁੱਝ ਕੁ ਖੇਤਰਾਂ ਵਿੱਚ ਇਨ੍ਹਾਂ ਦੀ ਵਰਤੋਂ ਕਰਨ ਦੀ ਆਗਿਆ ਹੈ – ਪੁਸ਼ਟੀ ਲਈ Parks Victoria ਨਾਲ ਸੰਪਰਕ ਕਰੋ।
†ਇਹ ਨਿਯਮ ਤੁਹਾਡੇ ਕੈਂਪਸਾਈਟ 'ਤੇ ਚੱਲ ਰਹੇ ਕਿਸੇ ਵੀ ਕਿਸਮ ਦੇ ਜਨਰੇਟਰਾਂ 'ਤੇ ਵੀ ਲਾਗੂ ਹੁੰਦਾ ਹੈ।

# ਜਦੋਂ ਤੁਸੀਂ ਕੈਂਪਿੰਗ ਕਰ ਰਹੇ ਹੋ

- ਇੱਕ ਜ਼ਿੰਮੇਵਾਰ ਬਾਲਗ ਵੱਲੋਂ ਹਰ ਸਮੇਂ ਕੈਂਪਫਾਇਰ ਜਾਂ ਬਾਰਬੀਕਿਊ 'ਤੇ **ਨਜ਼ਰ ਰੱਖਣੀ** ਲਾਜ਼ਮੀ ਹੈ।
- **ਜੇਕਰ ਮੌਸਮ ਬਹੁਤ ਜ਼ਿਆਦਾ ਗਰਮ ਜਾਂ ਹਵਾ ਚੱਲ ਰਹੀ ਹੋਵੇ, ਤਾਂ** ਕੈਂਪਫਾਇਰ ਜਾਂ ਬਾਰਬੀਕਿਊ ਨਾ ਸਲਗਾਓ।
- ਜੇਕਰ ਤੁਸੀਂ ਕਿਸੇ ਵੀ ਕਾਰਨ ਕਰਕੇ ਕੈਂਪਸਾਈਟ ਤੋਂ ਪਰ੍ਹੇ ਜਾਂਦੇ ਹੋ, **ਤਾਂ ਆਪਣੀ ਕੈਂਪਫਾਇਰ ਬੁਝਾ ਦਿਓ - ਭਾਵੇਂ ਤੁਸੀਂ ਉੱਥੇ ਵਾਪਸ ਆਉਣ ਦੀ ਯੋਜਨਾ ਬਣਾਈ ਹੋਵੇ**।

# ਕੈਂਪਸਾਈਟ ਛੱਡਣ ਵੇਲੇ

- ਆਪਣੀ **ਬਾਲਟੀ ਨੂੰ ਪਾਣੀ ਨਾਲ ਭਰੋ** ਅਤੇ ਆਪਣੀ ਕੈਂਪਫਾਇਰ ਬੁਝਾਉਣ ਲਈ ਇਸਦੀ ਵਰਤੋਂ ਕਰੋ।
- ਜਦੋਂ **ਰਾਖ ਛੂਹਣ ਲਈ ਠੰਢੀ ਹੁੰਦੀ ਹੈ** ਤਦ ਹੀ ਜਾਣਾ ਸੁਰੱਖਿਅਤ ਹੁੰਦਾ ਹੈ।
- **ਮਿੱਟੀ ਕਾਫ਼ੀ ਨਹੀਂ ਹੁੰਦੀ ਹੈ** – ਸਹੀ ਹਾਲਤਾਂ ਵਿੱਚ ਅੱਗ ਜ਼ਮੀਨ ਹੇਠਾਂ ਕਈ ਦਿਨ ਤੱਕ ਸੜਦੀ ਰਹਿ ਸਕਦੀ ਹੈ।




*ਇਹ ਤਸਵੀਰ ਆਮ ਵਰਤੋਂ ਲਈ ਹੈ, ਟੋਟਲ ਫਾਇਰ ਬੈਨ ਵਾਲੇ ਦਿਨ ਲਈ ਨਹੀਂ ਹੈ





**ਆਪਣੇ ਕੈਂਪਫਾਇਰ ਵਿੱਚ ਕੱਚ, ਐਲੂਮੀਨੀਅਮ, ਪਲਾਸਟਿਕ, ਕੂੜਾ ਜਾਂ ਬਚਿਆ-ਖੁਚਿਆ ਭੋਜਨ ਨਾ ਪਾਓ।** ਕਿਰਪਾ ਕਰਕੇ ਇਹ ਚੀਜ਼ਾਂ ਆਪਣੇ ਨਾਲ ਘਰ ਲੈ ਜਾਓ।
ਇਹਨਾਂ ਚੀਜ਼ਾਂ ਨੂੰ ਆਪਣੀ ਕੈਂਪਸਾਈਟ 'ਤੇ ਛੱਡਣਾ ਕੂੜਾ ਸੁੱਟਣਾ ਮੰਨਿਆ ਜਾਂਦਾ ਹੈ ਅਤੇ ਮੌਕੇ 'ਤੇ ਜੁਰਮਾਨਾ ਹੋ ਸਕਦਾ ਹੈ।

# ਟੋਟਲ ਫਾਇਰ ਬੈਨ ਵਾਲੇ ਦਿਨ

**ਟੋਟਲ ਫਾਇਰ ਬੈਨ ਵਾਲੇ ਦਿਨ = ਕੋਈ ਵੀ ਕੈਂਪਫਾਇਰ ਨਹੀਂ, ਜਿਸ ਵਿੱਚ ਲੱਕੜ, ਬ੍ਰਿਕੇਟਸ ਜਾਂ ਹੀਟ ਬੀਡਜ਼ ਦੀ ਵਰਤੋਂ ਵੀ ਸ਼ਾਮਲ ਹੈ।**



- ਪਤਾ ਕਰੋ ਕਿ ਕੀ ਟੋਟਲ ਫਾਇਰ ਬੈਨ ਲਾਗੂ ਹੈ।
- Vic ਐਮਰਜੈਂਸੀ ਹੌਟਲਾਈਨ ਨੂੰ **1800 226 226 'ਤੇ ਫ਼ੋਨ ਕਰੋ**
- **Vic ਐਮਰਜੈਂਸੀ ਐਪ** ਡਾਊਨਲੋਡ ਕਰੋ ਜਾਂ **emergency.vic.gov.au 'ਤੇ ਜਾਓ।**

## ਟੋਟਲ ਫਾਇਰ ਬੈਨ ਵਾਲੇ ਦਿਨਾਂ ਵਿੱਚ ਬਾਰਬੀਕਿਊ

ਤੁਸੀਂ ਟੋਟਲ ਫਾਇਰ ਬੈਨ ਵਾਲੇ ਦਿਨ ਗੈਸ ਜਾਂ ਬਿਜਲੀ ਨਾਲ ਚੱਲਣ ਵਾਲਾ ਪੱਕਾ ਲੱਗਿਆ ਬਾਰਬੀਕਿਊ ਵਰਤ ਸਕਦੇ ਹੋ, ਜੇਕਰ ਉਹ:

- ਪੱਥਰ, ਧਾਤੂ, ਕੰਕਰੀਟ, ਜਾਂ ਕਿਸੇ ਹੋਰ **ਅੱਗ ਨਾ ਫੜ੍ਹਨ ਵਾਲੀ ਸਮੱਗਰੀ** ਦਾ ਬਣਿਆ ਹੋਵੇ।
- ਸਿਰਫ਼ ਖਾਣਾ ਬਣਾਉਣ ਲਈ **ਡਿਜ਼ਾਈਨ ਅਤੇ ਬਣਾਇਆ ਗਿਆ ਹੋਵੇ** (ਪੋਰਟੇਬਲ ਬਾਰਬੀਕਿਊ ਸਮੇਤ)।
- ਵਰਤੋਂ ਵਿੱਚ ਹੋਣ ਵੇਲੇ ਹਮੇਸ਼ਾ **ਸਥਿਰ ਸਥਿਤੀ** ਵਿੱਚ ਹੋਵੇ।

ਤੁਹਾਡੇ ਲਈ ਇਹ ਕਰਨਾ ਲਾਜ਼ਮੀ ਹੈ ਕਿ:

- ਇਸਦੀ ਵਰਤੋਂ ਸਿਰਫ਼ ਖਾਣਾ ਬਣਾਉਣ ਲਈ ਕਰੋ।
- ਇਹ ਯਕੀਨੀ ਬਣਾਓ ਕਿ ਬਾਰਬੀਕਿਊ ਦੇ ਆਲੇ-ਦੁਆਲੇ **1.5 ਮੀਟਰ** ਦੇ ਅੰਦਰ ਕੋਈ ਵੀ ਅਜਿਹੀ ਚੀਜ਼ ਨਾ ਹੋਵੇ ਜੋ ਅੱਗ ਫੜ੍ਹ ਸਕਦੀ ਹੋਵੇ।
- **ਹਰ ਸਮੇਂ ਬਾਰਬੀਕਿਊ ਦੀ** ਨਿਗਰਾਨੀ ਕਰੋ ਅਤੇ ਇਹ ਯਕੀਨੀ ਬਣਾਓ ਕਿ ਜ਼ਰੂਰਤ ਪੈਣ 'ਤੇ ਤੁਸੀਂ ਇਸਨੂੰ ਬੁਝਾ ਸਕਦੇ ਹੋ।
- ਪਾਣੀ ਦੀ ਸਪਲਾਈ ਨਾਲ ਜੁੜੀ ਹੋਈ ਪਾਈਪ ਹੋਵੇ ਜਾਂ ਘੱਟੋ-ਘੱਟ **10 ਲੀਟਰ ਪਾਣੀ** ਕੋਲੇ ਉਪਲਬਧ ਹੋਵੇ।
- ਜਾਣ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਬਾਰਬੀਕਿਊ **ਪੂਰੀ ਤਰ੍ਹਾਂ ਬੁਝਿਆ ਹੋਇਆ ਹੋਵੇ**।

- **ਬਿਨਾਂ ਨਿਗਰਾਨੀ ਵਾਲੇ** (ਅਣਦੇਖੇ) ਕੈਂਪਫਾਇਰ ਬੁਸ਼ਫਾਇਰ ਦੇ ਸਭ ਤੋਂ ਵੱਡੇ ਸੰਭਾਵੀ ਕਾਰਨਾਂ ਵਿੱਚੋਂ ਇੱਕ ਹਨ।
- ਜੇਕਰ ਅਸੀਂ ਕੋਈ ਬਿਨਾਂ ਨਿਗਰਾਨੀ ਵਾਲਾ ਕੈਂਪਫਾਇਰ ਜਾਂ ਬਾਰਬੀਕਿਊ ਲੱਭਦੇ ਹਾਂ, ਤਾਂ ਅਸੀਂ ਇਸਨੂੰ ਬੁਝਾ ਦੇਵਾਂਗੇ।
- ਜੇਕਰ ਸਾਨੂੰ ਕੋਈ ਕੈਂਪਫਾਇਰ ਜਾਂ ਬਾਰਬੀਕਿਊ ਲੱਭਦਾ ਹੈ ਜੋ ਅਜੇ ਵੀ ਬਲ ਰਿਹਾ ਹੈ ਜਾਂ ਪੂਰੀ ਤਰ੍ਹਾਂ ਬੁਝਿਆ ਨਾ ਹੋਵੇ, ਤਾਂ ਤੁਹਾਨੂੰ **ਜੁਰਮਾਨਾ ਲਗਾਇਆ ਜਾ ਸਕਦਾ ਹੈ ਜਾਂ ਅਦਾਲਤ ਵਿੱਚ ਪੇਸ਼ ਕੀਤਾ ਜਾ ਸਕਦਾ ਹੈ**।
- ਅੱਗ ਦੇ ਫ਼ੈਲਣ ਨੂੰ ਰੋਕਣਾ ਹਰੇਕ ਵਿਅਕਤੀ ਦੀ **ਕਾਨੂੰਨੀ ਜ਼ਿੰਮੇਵਾਰੀ** ਹੈ।

## ਜਾਣਕਾਰੀ ਦੇ ਸਰੋਤ

- **ਜਾਣ ਤੋਂ ਪਹਿਲਾਂ bom.gov.au 'ਤੇ ਲੰਬੇ ਸਮੇਂ ਦੇ ਮੌਸਮ ਦੀ ਭਵਿੱਖਬਾਣੀ ਦੀ ਜਾਂਚ ਕਰੋ।**
- **ਟੋਟਲ ਫਾਇਰ ਬੈਨ ਅਤੇ ਫਾਇਰ ਡੇਂਜਰ ਰੇਟਿੰਗਾਂ ਬਾਰੇ ਇਨ੍ਹਾਂ ਰਾਹੀਂ ਜਾਣੋ:**
  - VicEmergency ਹੌਟਲਾਈਨ 1800 226 226 'ਤੇ
  - emergency.vic.gov.au
  - Vic Emergency ਐਪ

© ਵਿਕਟੋਰੀਆ ਰਾਜ ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ 2022। 2026 ਵਿੱਚ ਅੱਪਡੇਟ ਕੀਤਾ ਗਿਆ

CC BY

ਇਹ ਕੰਮ ਕਰੀਏਟਿਵ ਕਾਮਨਜ਼ ਐਟ੍ਰਬਿਊਸ਼ਨ 4.0 ਆਸਟ੍ਰੇਲੀਆ ਲਾਇਸੈਂਸ ਦੇ ਤਹਿਤ ਲਾਇਸੰਸਸ਼ੁਦਾ ਹੈ। ਤੁਸੀਂ ਇਸ ਸ਼ਰਤ 'ਤੇ ਉਸ ਲਾਇਸੈਂਸ ਦੇ ਅਧੀਨ ਇਸ ਕੰਮ ਦੀ ਮੁੜ ਵਰਤੋਂ ਕਰਨ ਲਈ ਸੁਤੰਤਰ ਹੋ ਕਿ ਤੁਸੀਂ ਵਿਕਟੋਰੀਆ ਸਟੇਟ ਨੂੰ ਇਸਦੇ ਲੇਖਕ ਵਜੋਂ ਸਿਹਰਾ ਦਿੰਦੇ ਹੋ। ਇਹ ਲਾਇਸੈਂਸ ਕਿਸੇ ਵੀ ਚਿੱਤਰ, ਫ਼ੋਟੋਆਂ ਜਾਂ ਬ੍ਰਾਂਡਿੰਗ 'ਤੇ ਲਾਗੂ ਨਹੀਂ ਹੁੰਦਾ ਹੈ, ਜਿਸ ਵਿੱਚ ਵਿਕਟੋਰੀਅਨ ਕੋਟ ਆਫ਼ ਆਰਮਜ਼, ਵਿਕਟੋਰੀਅਨ ਸਰਕਾਰ ਦਾ ਲੋਗੋ ਅਤੇ ਊਰਜਾ ਵਿਭਾਗ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਦੇ ਲੋਗੋ ਸ਼ਾਮਲ ਹਨ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ, http://creativecommons.org/licenses/by/4.0/ 'ਤੇ ਜਾਓ।

ISBN 978-1-76136-159-3 (ਪ੍ਰਿੰਟ)

978-1-76136-160-9 (pdf/online/MS word)

**ਪਹੁੰਚਯੋਗਤਾ**

ਜੇਕਰ ਤੁਸੀਂ ਇਸ ਪ੍ਰਕਾਸ਼ਨ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DEECA ਗਾਹਕ ਸੇਵਾ ਕੇਂਦਰ 136186 'ਤੇ ਫ਼ੋਨ ਕਰੋ, **customer.service@deeca.vic.gov.au** 'ਤੇ ਈਮੇਲ ਕਰੋ, ਨੈਸ਼ਨਲ ਰੀਲੇਅ ਸਰਵਿਸ ਰਾਹੀਂ 133 677 **www.relayservice.com.au** 'ਤੇ ਈਮੇਲ ਕਰੋ। ਇਹ ਦਸਤਾਵੇਜ਼ ਇੰਟਰਨੈੱਟ 'ਤੇ ਵੀ **www.conservationregulator.vic.gov.au** 'ਤੇ ਉਪਲਬਧ ਹੈ।

**ਬੇਦਾਅਵਾ**

ਇਹ ਪ੍ਰਕਾਸ਼ਨ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੇ ਹਨ ਕਿ ਇਹ ਪ੍ਰਕਾਸ਼ਨ ਕਿਸੇ ਵੀ ਕਿਸਮ ਦੇ ਨੁਕਸ ਤੋਂ ਰਹਿਤ ਹੈ ਜਾਂ ਤੁਹਾਡੇ ਖ਼ਾਸ ਉਦੇਸ਼ਾਂ ਲਈ ਪੂਰੀ ਤਰ੍ਹਾਂ ਉਚਿਤ ਹੈ ਅਤੇ ਇਸ ਲਈ ਕਿਸੇ ਵੀ ਗਲਤੀ, ਨੁਕਸਾਨ ਜਾਂ ਹੋਰ ਸਿੱਟੇ ਲਈ ਕਿਸੇ ਵੀ ਕਿਸਮ ਦੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਦਾ ਹੈ ਜੋ ਤੁਹਾਡੇ ਦੁਆਰਾ ਇਸ ਪ੍ਰਕਾਸ਼ਨ ਵਿਚਲੀ ਕਿਸੇ ਵੀ ਜਾਣਕਾਰੀ 'ਤੇ ਭਰੋਸਾ ਕਰਨ ਤੋਂ ਪੈਦਾ ਹੋ ਸਕਦਾ ਹੈ।

2240 MAR26

**ਸ਼ੱਕੀ ਜਾਂ ਗ਼ੈਰ-ਕਾਨੂੰਨੀ ਗਤੀਵਿਧੀ ਦੀ ਰਿਪੋਰਟ ਕਰਨ ਲਈ DEECA ਨੂੰ 136 186 'ਤੇ ਫ਼ੋਨ ਕਰੋ**

**Parks Victoria ਨਾਲ ਸੰਪਰਕ ਕਰਨ ਲਈ 131 963 'ਤੇ ਫ਼ੋਨ ਕਰੋ**

**vic.gov.au/unattended-campfires**

FOREST FIRE MANAGEMENT VICTORIA

Parks VICTORIA